ਬਾ-ਅਖਤਿਆਰਾਤ ਤਹਿਸੀਲਦਾਰ ਕਮ ਕਾਰਜਕਾਰੀ ਮੈਜਿਸਟਰੇਟ, ਲੁਧਿਆਣਾ ਪੂਰਬੀ

ਨੋਟਿਸ ਬਨਾਮ

Smt. Amarjit Kaur W/o Sh. Narinder Singh Sh. Narinder Singh S/o Dalip and Miss Jasman Kaur D/o Narinder Singh H/No. 52, W. No. 12 New Sunder Nagar, Bhamian Road, Mundian Kalan, Ldh

ਵਿਸ਼ਾ ਸਰਫੇਸੀ ਐਕਟ 2002 ਦੀ ਧਾਰਾ 14(1-ਏ) ਅਧੀਨ Secured Assets/Property ਦਾ ਕਬਜ਼ਾ ਲੈ ਕੇ ਬੈਂਕ/ਵਿੱਤੀ ਸੰਸਥਾ ਨੂੰ ਦਿਵਾਉਣ ਸਬੰਧੀ।

Property House 64.44 Sq. yds Vasia Bhamian Khurd, Ludhiana

Wasika No. 13456/27.11.2015

ਬਨਾਮ

SBI RACPC First Floor Main Branch Building, Fountain Chowk, Civil Lines, Ludhiana

ਆਪ ਨੂੰ ਇਸ ਨੋਟਿਸ ਰਾਹੀਂ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਜਿਲ੍ਹਾ ਮੈਜਿਸਟਰੇਟ, ਲੁਧਿਆਣਾ ਜੀ ਦੇ ਹੁਕਮ ਜੋ ਕਿ ਉਨ੍ਹਾਂ ਦੇ ਪਿੱਠ ਅੰਕਣ ਨੰਬਰ 5879/P/ADC ਮਿਤੀ 1-5-2020 ਰਾਹੀਂ ਪ੍ਰਾਪਤ ਹੋਏ ਹਨ, ਦੀ ਪਾਲਣਾ ਵਿੱਚ ਆਪ ਵੱਲੋਂ ਜੋ ਪ੍ਰਾਪਰਟੀ ਬੈਂਕ/ਵਿੱਤੀ ਸੰਸਥਾ ਪਾਸ ਗਿਰਵੀ ਰੱਖੀ ਸੀ, ਜਿਸ ਦਾ ਵੇਰਵਾ ਨਾਲ ਨੱਥੀ ਹੈ, ਦਾ ਕਬਜ਼ਾ ਸਬੰਧਤ ਬੈਂਕ/ਵਿੱਤੀ ਸੰਸਥਾ ਨੂੰ ਭੌਤਿਕ ਤੌਰ ਤੇ ਸੁਪਰਦ ਕੀਤਾ ਜਾਣਾ ਹੈ।

ਲਿਹਾਜ਼ਾ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਇਸ Secured Assets/Property ਦਾ ਕਬਜ਼ਾ ਮਿਤੀ 10/5/2022 ਤੋਂ ਪਹਿਲਾਂ ਪਹਿਲਾਂ ਨਿਮਨ ਹਸਤਾਖਰ ਦੇ ਖੁਦ ਹਵਾਲੇ ਕਰੋ। ਜੇਕਰ ਨਿਰਧਾਰਿਤ ਮਿਤੀ ਤੱਕ ਇਹ ਕਬਜ਼ਾ ਸਪੁਰਦ ਨਹੀਂ ਕੀਤਾ ਜਾਂਦਾ ਤਾਂ ਮਿਤੀ 11/5/2022 ਨੂੰ ਸਵੇਰੇ 11-00 ਵਜੇ ਬਜਰੀਆ ਪੁਲਿਸ ਇਮਦਾਦ ਇਹ ਕਬਜ਼ਾ ਹਾਸਲ ਕਰਕੇ ਆਪ ਨੂੰ ਇਸ ਪ੍ਰਾਪਰਟੀ ਵਿੱਚੋਂ ਬੇ-ਦਖਲ ਕਰਦੇ ਹੋਏ, ਕਬਜ਼ਾ ਹਵਾਲੇ ਬੈਂਕ/ਵਿੱਤੀ ਸੰਸਥਾ ਕਰ ਦਿੱਤਾ ਜਾਵੇਗਾ।

ਇਸ ਸਬੰਧ ਵਿੱਚ ਜੇਕਰ ਆਪ ਪਾਸ ਇਸ ਬੇ-ਦਖਲੀ ਕਰਨ ਤੋਂ ਪਹਿਲਾਂ ਕਿਸੇ ਮਾਨਯੋਗ ਅਦਾਲਤ ਦਾ ਸਟੇਅ/ਸਟੇਟਸ ਕੋਅ ਵਗੈਰਾ ਹੈ , ਇਸ ਸਬੰਧੀ ਇਸ ਦੀ ਸੂਚਨਾ ਲਿਖਤੀ ਰੂਪ ਵਿੱਚ ਨਿਰਧਾਰਿਤ ਮਿਤੀ ਤੋਂ ਪਹਿਲਾਂ ਜਾਂ ਮੌਕਾ ਪਰ ਦੇ ਸਕਦੇ ਹੋ।

ਇਹ ਹੁਕਮ ਮੇਰੇ ਹਸਤਾਖਰਾਂ ਤੇ ਮੋਹਰ ਅਦਾਲਤ ਹੇਠ ਜਾਰੀ ਹੋਇਆ।

ਨੰਬਰ 3788/ਸਰਫੇਸੀ

ਮਿਤੀ 26/4/2022

ਤਹਿਸੀਲਦਾਰ ਕਮ

ਕਾਰਜਕਾਰੀ ਮੈਜਿਸਟਰੇਟ,

ਲੁਧਿਆਣਾ (ਪੂਰਬੀ)

ਪਿੱਠ ਅੰਕਣ ਨੰਬਰ 3789-91/(ਸਿ.ਕ.ਮ) ਮਿਤੀ 26/4/2022

ਇਸ ਦਾ ਇੱਕ ਉਤਾਰਾ :-

1. ਜਿਲ੍ਹਾ ਮੈਜਿਸਟਰੇਟ/ਵਧੀਕ ਜਿਲ੍ਹਾ ਮੈਜਿਸਟਰੇਟ, ਲੁਧਿਆਣਾ ਜੀ ਨੂੰ ਸੂਚਨਾ ਹਿੱਤ।

2. ਕਮਿਸ਼ਨਰ ਆਫ ਪੁਲਿਸ, ਲੁਧਿਆਣਾ/ਐਸ.ਐਸ.ਪੀ ਖੰਨਾ/ਲੁਧਿਆਣਾ (ਦਿਹਾਤੀ) ਨੂੰ ਸਿਵਲ ਰਿੱਟ ਪਟੀਸ਼ਨ ਨੰਬਰ 26459 ਆਫ 2017 ਵਿੱਚ ਮਾਨਯੋਗ ਹਾਈਕੋਰਟ ਵੱਲੋਂ ਆਪਣੇ ਆਦੇਸ਼ ਮਿਤੀ 14.1.2017 ਵਿੱਚ ਜੋ ਆਪ ਨੂੰ ਸੰਬੋਧਨ ਹਨ, ਦੀ ਪਾਲਣਾ ਵਿੱਚ ਉਪਰੋਕਤ ਵਰਣਨ ਕੇਸ ਵਿੱਚ ਪ੍ਰਾਪਰਟੀ ਦਾ ਕਬਜ਼ਾ ਮਿਤੀ 11/5/2022 ਸਵੇਰੇ 11.00 ਵਜੇ ਬੈਂਕ/ਵਿੱਤੀ ਸੰਸਥਾ ਦੇ ਹਵਾਲੇ ਕੀਤਾ ਜਾਣਾ ਹੈ। ਲਿਹਾਜ਼ਾ ਇਸ ਮੰਤਵ ਲਈ ਮਾਨਯੋਗ ਹਾਈਕੋਰਟ ਦੇ ਆਦੇਸ਼ ਮੁਤਾਬਕ adequate Police Assistance ਮੁਹੱਈਆ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਾਨਯੋਗ ਹਾਈਕੋਰਟ ਦੇ ਆਦੇਸ਼ ਮੁਤਾਬਕ ਤਮਾਮ ਬਕਾਇਆ ਵਰੰਟ ਕਬਜ਼ਿਆਂ ਦਾ ਨਿਪਟਾਰਾ ਦੋ ਮਹੀਨਿਆਂ ਵਿੱਚ ਕੀਤਾ ਜਾਣਾ ਹੈ। ਲਿਹਾਜ਼ਾ ਪੁਲਿਸ ਇਮਦਾਦ ਇਸ ਕਾਰਨ ਦੇਣ ਤੋਂ ਮਨਾਹੀ ਨਾ ਕੀਤਾ ਜਾਵੇ ਕਿ ਬੈਂਕ/ਵਿੱਤੀ ਸੰਸਥਾ ਵੱਲੋਂ ਪੁਲਿਸ ਸਹਾਇਤਾ ਆਪ ਜੀ ਵਲੋਂ ਜਿਲ੍ਹਾ ਮੈਜਿਸਟਰੇਟ/ਵਧੀਕ ਜਿਲ੍ਹਾ ਮੈਜਿਸਟਰੇਟ ਨੂੰ ਦੇਣੀ ਹੈ ਜੋ ਕਿ ਐਕਟ ਮੁਤਾਬਕ ਕਾਰ ਸਰਕਾਰ ਹੈ। ਪੁਲਿਸ ਪਾਰਟੀ ਨੇ ਕਿਸ ਸਥਾਨ ਉਪਰ ਆਪਣੀ ਰਿਪੋਰਟ ਕਰਨੀ ਹੈ, ਉਸ ਬਾਰੇ ਸਬੰਧਤ ਬੈਂਕ/ਵਿੱਤੀ ਸੰਸਥਾ ਦਾ ਅਧਿਕਾਰਤ ਅਫਸਰ ਆਪ ਨੂੰ ਸਿੱਧੇ ਤੌਰ ਪਰ ਜਾਣੂ ਕਰਵਾਏਗਾ।

3. ਅਧਿਕਾਰਤ ਅਫਸਰ SBI RACC First Floor Main Branch Building Ludhiana ਨੂੰ ਸੂਚਨਾ ਹਿੱਤ ਭੇਜ ਕਰ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 11/5/2022 ਨੂੰ ਸਵੇਰੇ 10.50 ਵਜੇ Secured Assets/Property ਦਾ ਕਬਜ਼ਾ ਲਿਆ ਜਾਣਾ ਹੈ। ਇਸ ਸਬੰਧ ਵਿੱਚ ਮੌਕਾ ਪਰ ਸਵੇਰੇ 10.00 ਵਜੇ ਸਮੇਤ ਵੀਡਿਓਗ੍ਰਾਫਰ ਹਾਜ਼ਰ ਆਓ। ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮੰਤਵ ਲਈ ਸਬੰਧਤ ਕਮਿਸ਼ਨਰ ਆਫ ਪੁਲਿਸ/ਐਸ.ਐਸ.ਪੀ ਖੰਨਾ/ਲੁਧਿਆਣਾ (ਦਿਹਾਤੀ) ਨਾਲ ਪਹਿਲਾਂ ਤੋਂ ਸੰਪਰਕ ਕਰਕੇ ਪੁਲਿਸ ਟੀਮ ਨਾਲ ਤਾਲਮੇਲ ਕਰ ਲਿਆ ਜਾਵੇ, ਤਾਂ ਕਿ ਪੁਲਿਸ ਇਮਦਾਦ ਨਾ ਮਿਲਣ ਕਾਰਨ ਕਿਸੇ ਪ੍ਰਕਾਰ ਦੀ ਦੇਰੀ ਨਾ ਹੋ ਸਕੇ। ਜੇਕਰ ਪੁਲਿਸ ਇਮਦਾਦ ਮਿਲਣ ਵਿੱਚ ਕਿਸੇ ਪ੍ਰਕਾਰ ਦੀ ਮੁਸ਼ਕਿਲ ਆਉਂਦੀ ਹੈ, ਤਾਂ ਅਜਿਹੀ ਸਥਿਤੀ ਵਿੱਚ ਤੁਰੰਤ ਨਿਮਨ ਹਸਤਾਖਰ ਨਾਲ ਮੋਬਾਇਲ ਨੰਬਰ .................................... ਉਪਰ ਸੰਪਰਕ ਕਰੋ। ਇਸ ਨੋਟਿਸ ਦੀ ਇੱਕ ਕਾਪੀ Borrow ਨੂੰ ਤਕਸੀਮ ਕਰਵਾਈ ਜਾਵੇ ਅਤੇ ਇਸ ਦੀ ਇੱਕ ਕਾਪੀ Secured Assets/Property ਦੇ ਦਰਵਾਜੇ ਉਪਰ ਚਸਪਾ ਕਰਕੇ ਉਸ ਦੀ ਫੋਟੋ ਵੀ ਖਿੱਚੀ ਜਾਵੇ, ਜੋ ਕਬਜ਼ਾ ਕਾਰਵਾਈ ਆਪਣੀ ਰਿਪੋਰਟ ਸਮੇਤ ਨਿਮਨ ਹਸਤਾਖਰ ਨੂੰ ਪੇਸ਼ ਕਰੇਗੀ।

ਤਹਿਸੀਲਦਾਰ ਕਮ
ਕਾਰਜਕਾਰੀ ਮੈਜਿਸਟਰੇਟ,
ਲੁਧਿਆਣਾ (ਪੂਰਬੀ)